## ਗਰੈਜੂਏਸ਼ਨ ਟ੍ਰਾਂਜ਼ੀਸ਼ਨ ਪਲੈਨ ਕੀ ਹੈ?

ਗਰੈਜੂਏਸ਼ਨ ਟ੍ਰਾਂਜ਼ੀਸ਼ਨ ਪਲੈਨ 4 ਕਰੈਡਿਟਾਂ ਦਾ ਇਕ ਪ੍ਰੋਗਰਾਮ ਹੈ ਜੋ ਕਿ ਗਰੇਡ 10, 11 ਅਤੇ 12 ਵਿਚ ਲਾਜ਼ਮੀ ਹੈ। ਇਸ ਪ੍ਰੋਗਰਾਮ ਵਿਚ, ਵਿਦਿਆਰਥੀ ਸਕੂਲ ਦੇ ਸਟਾਫ ਦੀ ਨਿਗਰਾਨੀ ਹੇਠ ਇਹ ਦਿਖਾਉਣ ਲਈ ਆਜ਼ਾਦ ਤੌਰ `ਤੇ ਕੰਮ ਕਰਦੇ ਹਨ ਕਿ ਉਨ੍ਹਾਂ ਨੇ ਅੱਗੇ ਲਿਖੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਹਨ:

– ਨਿੱਜੀ ਸਿਹਤ ਵਿਚ, ਸਿਹਤ ਦੀ ਨਿੱਜੀ ਪਲੈਨ ਕਾਇਮ ਰੱਖੀ ਹੈ ਅਤੇ ਹਰ ਹਫਤੇ ਦਰਮਿਆਨੀ ਤੋਂ ਤੇਜ਼ ਸਰੀਰਕ ਕਸਰਤ ਦੇ 150 ਮਿੰਟਾਂ ਵਿਚ ਹਿੱਸਾ ਲਿਆ ਹੈ;

– ਕਮਿਉਨਟੀ ਨਾਲ ਸਬੰਧਾਂ ਵਿਚ, ਕੰਮ ਦੇ ਤਜਰਬੇ ਅਤੇ/ਜਾਂ ਕਮਿਉਨਟੀ ਸਰਵਿਸ ਦੇ ਘੱਟੋ ਘੱਟ 30 ਘੰਟਿਆਂ ਵਿਚ ਹਿੱਸਾ ਲਿਆ ਹੈ ਅਤੇ ਜੋ ਸਿੱਖਿਆ ਸੀ ਉਸ ਬਾਰੇ ਦੱਸਿਆ ਹੈ; ਅਤੇ

– ਕਿੱਤੇ ਅਤੇ ਜ਼ਿੰਦਗੀ ਵਿਚ, ਤਬਦੀਲੀ ਦੀ ਪਲੈਨ ਮੁਕੰਮਲ ਕੀਤੀ ਹੈ ਅਤੇ ਮਹੱਤਵਪੂਰਨ ਪ੍ਰਾਪਤੀਆਂ ਪੇਸ਼ ਕੀਤੀਆਂ ਹਨ।

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਗਰੈਜੂਏਸ਼ਨ ਟ੍ਰਾਂਜ਼ੀਸ਼ਨਜ਼** ਨਾਂ ਦਾ ਬਰੋਸ਼ਰ ਦੇਖੋ।

## ਕੀ ਗਰੈਜੂਏਸ਼ਨ ਦੀਆਂ ਸ਼ਰਤਾਂ ਯੂਨੀਵਰਸਿਟੀ/ਕਾਲਜ ਵਿਚ ਦਾਖਲੇ ਦੀਆਂ ਸ਼ਰਤਾਂ ਵਰਗੀਆਂ ਹੀ ਹਨ?

ਨਹੀਂ। ਵਿਦਿਆਰਥੀਆਂ ਲਈ ''ਡੌਗਵੁੱਡ ਸਰਟੀਫਿਕੇਟ' ਜਾਂ ਗਰੈਜੂਏਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਲਈ ਗਰੈਜੂਏਸ਼ਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ। ਪਰ, ਪੋਸਟ-ਸੈਕੰਡਰੀ ਸੰਸਥਾਵਾਂ ਦਾਖਲੇ ਦੀਆਂ ਆਪਣੀਆਂ ਖੁਦ ਦੀਆਂ ਸ਼ਰਤਾਂ ਤਹਿ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਦੀ ਹਰ ਫੈਕਲਟੀ ਖਾਸ ਕੋਰਸਾਂ ਦੀ ਮੰਗ ਵੀ ਕਰ ਸਕਦੀ ਹੈ। ਵਿਦਿਆਰਥੀ ਅਜਿਹੀ ਪਲੈਨ ਤਿਆਰ ਕਰਨ ਲਈ ਆਪਣੇ ਟੀਚਰ-ਕੌਂਸਲਰ ਨਾਲ ਕੰਮ ਕਰਦੇ ਹਨ ਜਿਹੜੀ ਉਨ੍ਹਾਂ ਦੀਆਂ ਨਿੱਜੀ ਲੋੜਾਂ ਪੂਰੀਆਂ ਕਰਦੀ ਹੈ।



**"Graduation Requirements in BC"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਬੀ ਸੀ ਵਿਚ ਗਰੈਜੂਏਸ਼ਨ ਦੀਆਂ ਸ਼ਰਤਾਂ



## ਸੈਕੰਡਰੀ ਸਕੂਲ ਤੋਂ ਗਰੈਜੂਏਸ਼ਨ ਬਾਰੇ ਜ਼ਰੂਰੀ ਜਾਣਕਾਰੀ

## ਗਰੈਜੂਏਸ਼ਨ ਦੀਆਂ ਸ਼ਰਤਾਂ ਕੀ ਹਨ?

ਗਰੈਜੂਏਸ਼ਨ ਦੀਆਂ ਸ਼ਰਤਾਂ, ਸੈਕੰਡਰੀ ਸਕੂਲ ਦੇ ਉਹ ਖਾਸ ਕੋਰਸ ਹਨ ਜਿਹੜੇ ਹਰ ਵਿਦਿਆਰਥੀ ਲਈ ''ਡੌਗਵੁੱਡ ਸਰਟੀਫਿਕੇਟ'' ਜਾਂ ਗਰੈਜੂਏਸ਼ਨ ਸਰਟੀਫਿਕੇਟ ਲੈਣ ਲਈ ਲੈਣੇ ਜ਼ਰੂਰੀ ਹਨ। ਇਨ੍ਹਾਂ ਸ਼ਰਤਾਂ ਵਿਚ ਇਹ ਸ਼ਾਮਲ ਹਨ:

- ਵਿਦਿਆ ਮਹਿਕਮੇ ਵਲੋਂ ਤਹਿ ਕੀਤੇ ਗਏ ਜ਼ਰੂਰੀ, ਜਾਂ ਲੋੜੀਂਦੇ ਕੋਰਸ;
- ਵਿਦਿਆਰਥੀਆਂ ਵਲੋਂ ਚੁਣੇ ਗਏ ਇਲੈਕਟਿਵ ਕੋਰਸ; ਅਤੇ
- ਗਰੈਜੂਏਸ਼ਨ ਟ੍ਰਾਂਜ਼ੀਸ਼ਨ ਪਲੈਨ।

ਹਰ ਕੋਰਸ ਦੇ ਕਰੈਡਿਟਾਂ ਦੀ ਗਿਣਤੀ ਤਹਿ ਹੈ। ਗਰੈਜੂਏਟ ਹੋਣ ਲਈ ਵਿਦਿਆਰਥੀ ਨੂੰ 80 ਕਰੈਡਿਟਾਂ ਦੀ ਲੋੜ ਹੈ। 80 ਕਰੈਡਿਟਾਂ ਵਿਚ ਸ਼ਾਮਲ ਹਨ:

- ਜ਼ਰੂਰੀ ਕੋਰਸਾਂ ਦੇ 48 ਕਰੈਡਿਟ;
- ਇਲੈਕਟਿਵ ਕੋਰਸਾਂ ਦੇ 28 ਕਰੈਡਿਟ; ਅਤੇ
- ਗਰੈਜੂਏਸ਼ਨ ਟ੍ਰਾਂਜ਼ੀਸ਼ਨ ਪਲੈਨ ਲਈ 4 ਕਰੈਡਿਟ।

## ਹਰ ਗਰੇਡ ਦੇ ਪੱਧਰ `ਤੇ ਕਿਹੜੇ ਕੋਰਸ ਜ਼ਰੂਰੀ ਹਨ?

ਅੱਗੇ ਦਿੱਤਾ ਖਾਨਾ ਇਹ ਦਿਖਾਉਂਦਾ ਹੈ ਕਿ ਹਰ ਗਰੇਡ ਦੇ ਪੱਧਰ `ਤੇ ਵਿਦਿਆ ਮਹਿਕਮਾ ਕਿਹੜੇ ਕੋਰਸਾਂ ਦੀਆਂ **ਮੰਗ** ਕਰਦਾ ਹੈ।

| ਕੋਰਸ | ਗਰੇਡ 10 | ਗਰੇਡ 11 | ਗਰੇਡ 12 |
|---|---|---|---|
| ਅੰਗਰੇਜ਼ੀ ਜਾਂ ਕਮਿਉਨੀਕੇਸ਼ਨਜ਼ | ਜ਼ਰੂਰੀ | ਜ਼ਰੂਰੀ | ਜ਼ਰੂਰੀ |
| ਸੋਸ਼ਲ ਸਟੱਡੀਜ਼ | ਜ਼ਰੂਰੀ | ਜ਼ਰੂਰੀ | |
| ਸਾਇੰਸ | ਜ਼ਰੂਰੀ | ਜ਼ਰੂਰੀ | |
| ਹਿਸਾਬ | ਜ਼ਰੂਰੀ | ਜ਼ਰੂਰੀ | |
| ਸਰੀਰਕ ਸਿਖਿਆ | ਜ਼ਰੂਰੀ | | |
| ਪਲੈਨਿੰਗ 10/ਗਰੈਜੂਏਸ਼ਨ ਟ੍ਰਾਂਜ਼ੀਸ਼ਨ | ਜ਼ਰੂਰੀ | ਜ਼ਰੂਰੀ | ਜ਼ਰੂਰੀ |
| ਹੋਰ: | ਫਾਈਨ ਆਰਟਸ 10 ਜਾਂ ਅਪਲਾਈਡ ਆਰਟਸ 10 | ਫਾਈਨ ਆਰਟਸ 11 ਜਾਂ ਅਪਲਾਈਡ ਆਰਟਸ 11 | ਫਾਈਨ ਆਰਟਸ 12 ਜਾਂ ਅਪਲਾਈਡ ਆਰਟਸ 12<br><br>ਗਰੇਡ 12 ਦੇ ਹੋਰ ਕੋਰਸਾਂ ਦੇ 12 ਕਰੈਡਿਟ (ਬਹੁਤੇ ਕੋਰਸਾਂ ਦੇ ਹਰ ਕੋਰਸ ਪਿੱਛੇ 4 ਕਰੈਡਿਟ ਹੁੰਦੇ ਹਨ) |

## ਇਲੈਕਟਿਵ ਕੋਰਸ ਕੀ ਹਨ?

ਇਹ ਕੋਰਸ ਵਿਦਿਆਰਥੀਆਂ ਵਲੋਂ ਆਪਣੀ ਦਿਲਚਸਪੀ ਮੁਤਾਬਕ ਚੁਣੇ ਜਾਂਦੇ ਹਨ। ਉਪਲਬਧ ਇਲੈਕਟਿਵ ਕੋਰਸਾਂ ਦੀ ਗਿਣਤੀ ਅਤੇ ਕਿਸਮ ਇਕ ਸਕੂਲ ਤੋਂ ਦੂਜੇ ਸਕੂਲ ਵਿਚ ਵੱਖ ਵੱਖ ਹੋਵੇਗੀ। ਇਹ ਕੋਰਸ ਕਿਸੇ ਬੋਰਡ ਆਫ ਐਜੂਕੇਸ਼ਨ ਵਲੋਂ ਨਿੱਜੀ ਤੌਰ `ਤੇ ਤਿਆਰ ਕੀਤੇ ਜਾ ਸਕਦੇ ਹਨ, ਪਰ ਇਹ ਸਾਰੇ ਵਿਦਿਆ ਮਹਿਕਮੇ ਵਲੋਂ ਮਨਜ਼ੂਰਸ਼ੁਦਾ ਹੁੰਦੇ ਹਨ।

